**Series E1GFH/1**

**Set No. 2**

**Q.P. Code 227/1/2**

Roll No.

Candidates must write the Q.P. Code on the title page of the answer-book.

# ਭੂਗੋਲ (ਸਿਧਾਂਤਕ)

## (ਪੰਜਾਬੀ ਉਲਥਾ)

# GEOGRAPHY (Theory)

## (Punjabi Version)

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 70*

*Time allowed : 3 hours* — *Maximum Marks : 70*

| | ਨੋਟ | | NOTE |
|---|---|---|---|
| (I) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **12** ਪੰਨੇ + **2** ਮਾਨਚਿੱਤਰ ਹਨ । | (I) | Please check that this question paper contains **12** printed pages + **2** Maps. |
| (II) | ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ । | (II) | Q.P. Code given on the right hand side of the question paper should be written on the title page of the answer-book by the candidate. |
| (III) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **30** ਪ੍ਰਸ਼ਨ ਹਨ । | (III) | Please check that this question paper contains **30** questions. |
| (IV) | **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿਖੋ ।** | (IV) | **Please write down the serial number of the question in the answer-book before attempting it.** |
| (V) | ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ । | (V) | 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period. |

***ਵਿਆਪਕ ਨਿਰਦੇਸ਼ :***

*ਹੇਠ ਲਿੱਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦਾ ਸਖਤੀ ਨਾਲ ਪਾਲਨ ਕਰੋ :*

*(i)* *ਇਸ ਪ੍ਰਸ਼ਨ ਪੱਤਰ ਵਿਚ **30** ਪ੍ਰਸ਼ਨ ਹਨ । **ਸਾਰੇ** ਪ੍ਰਸ਼ਨ **ਜ਼ਰੂਰੀ** ਹਨ ।*

*(ii)* *ਪ੍ਰਸ਼ਨ ਪੱਤਰ ਨੂੰ **ਪੰਜ** ਖੰਡਿਆਂ ਵਿਚ ਵੰਡਿਆ ਗਿਆ ਹੈ – **ਖੰਡ ਕ, ਖ, ਗ, ਘ** ਅਤੇ **ਙ** ।*

*(iii)* ***ਖੰਡ ਕ** – ਪ੍ਰਸ਼ਨ ਸੰਖਿਆ **1** ਤੋਂ **17** ਤਕ ਬਹੁਵਿਕਲਪੀ ਪ੍ਰਸ਼ਨ ਹਨ ।*

*(iv)* ***ਖੰਡ ਖ** – ਪ੍ਰਸ਼ਨ ਸੰਖਿਆ **18** ਅਤੇ **19** ਸਰੋਤ ਅਧਾਰਿਤ ਪ੍ਰਸ਼ਨ ਹਨ ।*

*(v)* ***ਖੰਡ ਗ** – ਪ੍ਰਸ਼ਨ ਸੰਖਿਆ **20** ਤੋਂ **23** ਤਕ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦਾ ਉੱਤਰ 80 ਤੋਂ 100 ਸ਼ਬਦਾਂ ਵਿਚ ਲਿਖਿਆ ਜਾਣਾ ਚਾਹੀਦਾ ਹੈ ।*

*(vi)* ***ਖੰਡ ਘ** – ਪ੍ਰਸ਼ਨ ਸੰਖਿਆ **24** ਤੋਂ **28** ਤਕ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦਾ ਉੱਤਰ 120 ਤੋਂ 150 ਸ਼ਬਦਾਂ ਵਿਚ ਲਿਖਿਆ ਜਾਣਾ ਚਾਹੀਦਾ ਹੈ ।*

*(vii)* ***ਖੰਡ ਙ** – ਪ੍ਰਸ਼ਨ ਸੰਖਿਆ **29** ਅਤੇ **30** ਮਾਨਚਿੱਤਰ ਅਧਾਰਿਤ ਪ੍ਰਸ਼ਨ ਹੈ ।*

## ਖੰਡ ਕ

*ਇਸ ਖੰਡ ਵਿੱਚ **17** ਬਹੁਵਿਕਲਪੀ ਪ੍ਰਸ਼ਨ (ਪ੍ਰ.ਸੰ. 1 – 17) ਹੈ । **ਸਾਰੇ** ਪ੍ਰਸ਼ਨ **ਜ਼ਰੂਰੀ** ਹਨ ।* 17×1=17

**1.** ਜਨਸੰਖਿਆ ਵੰਡ ਨੂੰ ਪ੍ਰਭਾਵਿਤ ਕਰਨ ਵਾਲੇ ਹੇਠ ਲਿਖੇ ਵਿਚੋਂ ਕਿਹੜਾ ਇਕ ਸਮਾਜਿਕ ਕਾਰਕ ਹੈ ?

(a) ਖਣਿਜ (b) ਨਗਰੀਕਰਣ

(c) ਉਦਯੋਗੀਕਰਣ (d) ਅਸ਼ਾਂਤੀ

**2.** ਹੇਠ ਲਿਖਿਆਂ ਵਿਚੋਂ ਕਿਹੜਾ ਦੇਸ਼ 'ਮਨੁਖੀ ਵਿਕਾਸ ਸੂਚਕਅੰਕ' ਦੀ ਬਹੁਤ ਉੱਚੀ ਸ਼ਰੇਣੀ ਵਿਚ ਆਂਦਾ ਹੈ ?

(a) ਮੈਕਸਿਕੋ (b) ਸਿੰਗਾਪੁਰ

(c) ਚੀਨ (d) ਕੋਲੰਬਿਆ

**3.** *ਕਾਲਮ I* ਅਤੇ *ਕਾਲਮ II* ਦਾ ਮਿਲਾਨ ਕਰੋ ਅਤੇ ਸਹੀ ਵਿਕਲਪ ਚੁਣੋ :

| *ਕਾਲਮ I (ਰੇਲਵੇ ਜ਼ੋਨ)* | *ਕਾਲਮ II (ਹੇਡਕਵਾਟਰ)* |
|---|---|
| i. ਨਾਰਥ ਸੇਂਟਰਲ | 1. ਸਿਕੰਦਰਾਬਾਦ |
| ii. ਈਸਟ ਸੇਂਟਰਲ | 2. ਇਲਾਹਾਬਾਦ/ਪ੍ਰਯਾਗਰਾਜ਼ |
| iii. ਵੇਸਟ ਸੇਂਟਰਲ | 3. ਹਾਜੀਪੁਰ |
| iv. ਸਾਊਥ ਸੇਂਟਰਲ | 4 ਜਬਲਪੁਰ |

ਵਿਕਲਪ :

(a) i – 1, ii – 2, iii – 3, iv – 4 (b) i – 4, ii – 3, iii – 2, iv – 1

(c) i – 3, ii – 4, iii – 1, iv – 2 (d) i – 2, ii – 3, iii – 4, iv – 1

4. ‘ਲਾਦਾਂਗ’ ਦਾ ਸੰਬੰਧ ਹੇਠ ਲਿਖਿਆਂ ਵਿਚੋਂ ਕਿਸ ਦੇਸ਼ ਤੋਂ ਹੈ ?

(a) ਮਲੇਸ਼ਿਆਂ (b) ਮੈਕਸਿਕੋ

(c) ਭਾਰਤ (d) ਬ੍ਰਾਜ਼ੀਲ

5. ਪੇਟ੍ਰੋਲਿਯਮ, ਪੇਟ੍ਰੋਲਿਯਮ ਉਤਪਾਦਾਂ ਅਤੇ ਖਾਦਾਂ (ਉਰਵਰਕਾਂ) ਨੂੰ ਹਾਸਲ ਕਰਨ ਵਾਲੀ ਬੰਦਰਗਾਹ ਹੈ :

(a) ਨਵਾਂ ਮੰਗਲੂਰੂ (b) ਹਲਦੀਆ

(c) ਕਾਂਡਲਾ (d) ਤੂਤੀਕੋਰਿਨ

6. ਪਰਿਵਾਰ ਨਿਯੋਜਨ ਦੇ ਉਦੇਸ਼ਾਂ ਨਾਲ ਜੁੜੇ ਹੇਠ ਲਿਖੇ ਕਥਨਾਂ ਨੂੰ ਪੜ੍ਹੋ ਅਤੇ ਸਹੀ ਵਿਕਲਪ ਚੁਣੋ :

I. ਜਨਮ ਦਰ ਨੂੰ ਕੰਟਰੋਲ ਕਰਨਾ

II. ਬਚਿਆਂ ਦੇ ਜਨਮ ਦੇ ਦਰਮਿਆਨ ਅੰਤਰਾਲ ਰਖਣਾ

III. ਇਸਤ੍ਰੀਆਂ ਦੀ ਸਿਹਤ ਨੂੰ ਸੁਧਾਰਨਾ

IV. ਬਚਿਆਂ ਦੀ ਮੌਤ ਦਰ ਨੂੰ ਘਟ ਕਰਨਾ

ਵਿਕਲਪ :

(a) ਸਿਰਫ I, II ਅਤੇ IV ਸਹੀ ਹਨ । (b) ਸਿਰਫ I, II ਅਤੇ III ਸਹੀ ਹਨ ।

(c) ਸਿਰਫ II, III ਅਤੇ IV ਸਹੀ ਹਨ । (d) ਸਿਰਫ I, III ਅਤੇ IV ਸਹੀ ਹਨ ।

7. ਹੇਠ ਲਿਖਿਆਂ ਵਿਚੋਂ ਕਿਹੜਾ ਸਮੁੰਦਰੀ ਮਾਰਗ ਸੰਸਾਰ ਦਾ ਸਭਨਾ ਤੋਂ ਵਿਅਸਤ ਜਲ ਮਾਰਗ ਹੈ ?

(a) ਉਤਰੀ ਪ੍ਰਸ਼ਾਂਤ ਸਮੁੰਦਰੀ ਮਾਰਗ

(b) ਦੱਖਣੀ ਪ੍ਰਸ਼ਾਂਤ ਸਮੁੰਦਰੀ ਮਾਰਗ

(c) ਉਤਰੀ ਅਟਲਾਂਟਿਕ ਸਮੁੰਦਰੀ ਮਾਰਗ

(d) ਦੱਖਣੀ ਅਟਲਾਂਟਿਕ ਸਮੁੰਦਰੀ ਮਾਰਗ

**8.** ਹੇਠ ਦਿਤੇ ਗਏ ਸੰਸਾਧਨਾਂ ਨੂੰ ਪੜ੍ਹੋ ਅਤੇ 'ਸਮਾਜਕ ਸੰਸਾਧਨਾਂ' ਤੋਂ ਸੰਬੰਧਿਤ ਸਹੀ ਵਿਕਲਪ ਚੁਣੋ :

I. ਪੇਂਡੂ ਜਲ-ਖੇਤਰ

II. ਪੇਂਡੂ ਖੇਤੀ ਭੂਮੀ

III. ਪੇਂਡੂ ਰਿਹਾਇਸੀ ਭੂਮੀ

IV. ਚਾਰਾਗਾਹ ਭੂਮੀ

ਵਿਕਲਪ :

(a) ਸਿਰਫ I ਅਤੇ II ਸਹੀ ਹਨ । (b) ਸਿਰਫ II ਅਤੇ III ਸਹੀ ਹਨ ।

(c) ਸਿਰਫ III ਅਤੇ IV ਸਹੀ ਹਨ । (d) ਸਿਰਫ I ਅਤੇ IV ਸਹੀ ਹਨ ।

**9.** ਹੇਠ ਲਿਖਿਆਂ ਵਿਚੋਂ ਕਿਹੜਾ 'ਵਪਾਰਕ ਡੇਰੀ ਖੇਤੀਬਾੜੀ' ਦਾ ਸਭ ਤੋਂ ਵੱਡਾ ਖੇਤਰ ਹੈ ?

(a) ਉੱਤਰ ਪੱਛਮੀ ਯੂਰੋਪ (b) ਕਨਾਡਾ ਖੇਤਰ

(c) ਨਿਯੂਜ਼ੀਲੈਂਡ ਖੇਤਰ (d) ਦਖਣ ਪੂਰਬੀ ਆਸਟ੍ਰੇਲਿਆ

**10.** ਸਨ 2011 ਦੀ ਜਨਗਣਨਾ ਨੇ ਭਾਰਤ ਦੀ ਕੰਮ ਕਰਨ ਵਾਲੀ ਆਬਾਦੀ (ਜਨਸੰਖਿਆ) ਨੂੰ ਚਾਰ ਮੁਖ ਸ਼ਰੇਣੀਆਂ ਵਿਚ ਵੰਡਿਆ ਹੈ । ਮੁਖ ਸ਼ਰੇਣੀਆਂ (ਵਰਗਾਂ) ਨਾਲ ਜੁੜੇ ਸਹੀ ਵਿਕਲਪ ਨੂੰ ਚੁਣੋ ।

(a) ਕਿਰਸਾਣ, ਖੇਤੀ-ਮਜ਼ਦੂਰ, ਘਰੇਲੂ ਉਦਯੋਗਿਕ ਮਜ਼ਦੂਰ ਅਤੇ ਹੋਰ ਮਜ਼ਦੂਰ

(b) ਖੇਤੀ ਮਜ਼ਦੂਰ, ਘਰੇਲੂ ਉਦਯੋਗਿਕ ਮਜ਼ਦੂਰ, ਸਿਹਤ ਕਾਮੇ ਅਤੇ ਹੋਰ ਮਜ਼ਦੂਰ

(c) ਖੇਤੀ ਮਜ਼ਦੂਰ, ਘਰੇਲੂ ਉਦਯੋਗਿਕ ਮਜ਼ਦੂਰ, ਰੇਲ ਮਜ਼ਦੂਰ ਅਤੇ ਹੋਰ ਮਜ਼ਦੂਰ

(d) ਘਰੇਲੂ ਉਦਯੋਗਿਕ ਮਜ਼ਦੂਰ, ਕਿਰਸਾਣ, ਰੇਲ ਮਜ਼ਦੂਰ ਅਤੇ ਹੋਰ ਮਜ਼ਦੂਰ

**11.** ਹੇਠ ਲਿਖੇ ਕਥਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਸਹੀ ਵਿਕਲਪ ਚੁਣੋ :

*ਕਥਨ I :* ਸੂਚਨਾਵਾਂ ਦਾ ਅੰਕੀਕਰਣ ਕਰਨ ਨਾਲ ਦੂਰਸੰਚਾਰ ਹੋਲੀ ਹੋਲੀ ਕੰਪਯੂਟਰ ਨਾਲ ਵਿਲੀਨ ਹੋ ਗਿਆ ਹੈ ।

*ਕਥਨ II :* ਨਤੀਜੇ ਦੇ ਤੌਰ ਤੇ ਇਕ ਤਰ੍ਹਾਂ ਦਾ ਏਕੀਕਰਿਤ ਨੇਟਵਰਕ ਬਣਿਆ, ਜਿਸਨੂੰ ਇੰਟਰਨੇਟ ਦੇ ਨਾਮ ਨਾਲ ਜਾਣਿਆ ਜਾਂਦਾ ਹੈ ।

ਵਿਕਲਪ :

(a) ਸਿਰਫ ਕਥਨ I ਸਹੀ ਹੈ ।

(b) ਸਿਰਫ ਕਥਨ II ਸਹੀ ਹੈ ।

(c) ਕਥਨ I ਅਤੇ II ਦੋਨੋ ਸਹੀ ਹਨ, ਕਥਨ II ਕਥਨ I ਦਾ ਸਹੀ ਨਤੀਜਾ ਹੈ ।

(d) ਕਥਨ I ਅਤੇ II ਦੋਨੋ ਸਹੀ ਹਨ, ਕਥਨ II ਕਥਨ I ਦਾ ਸਹੀ ਨਤੀਜਾ ਨਹੀਂ ਹੈ ।

**12.** ਆਧੁਨਿਕ ਭਾਰਤੀ ਭਾਸ਼ਾਵਾਂ (ਬੋਲੀਆਂ) ਨੂੰ ਬੋਲਣ ਵਾਲਿਆਂ ਦੀ ਗਿਣਤੀ ਦੇ ਅਨੁਸਾਰ, ਸਭ ਤੋਂ ਵੱਧ ਤੋਂ ਸਭ ਤੋਂ ਘਟ ਦੇ ਸਹੀ ਕ੍ਰਮ ਵਾਲੇ ਵਿਕਲਪ ਨੂੰ ਚੁਣੋ :

(a) ਭਾਰਤੀ–ਯੂਰੋਪੀ, ਦਰਵਿੜ, ਆਸਟ੍ਰਿਕ ਅਤੇ ਚੀਨੀ–ਤਿੱਬਤੀ

(b) ਭਾਰਤੀ–ਯੂਰੋਪੀ, ਆਸਟ੍ਰਿਕ, ਦਰਵਿੜ ਅਤੇ ਚੀਨੀ–ਤਿੱਬਤੀ

(c) ਦਰਵਿੜ, ਭਾਰਤੀ–ਯੂਰੋਪੀ, ਚੀਨੀ–ਤਿੱਬਤੀ ਅਤੇ ਆਸਟ੍ਰਿਕ

(d) ਦਰਵਿੜ, ਆਸਟ੍ਰਿਕ, ਭਾਰਤੀ–ਯੂਰੋਪੀ ਅਤੇ ਚੀਨੀ–ਤਿੱਬਤੀ

**13.** ਚਾਰੇ ਦੀਆਂ ਫਸਲਾਂ ਹੇਠ ਲਿਖਿਆਂ ਵਿਚੋਂ ਕਿਸ ਪ੍ਰਕਾਰ ਦੀ ਖੇਤੀ ਦਾ ਮੁੱਖ ਅੰਗ ਹਨ ?

(a) ਮਿਸ਼ਰਿਤ (b) ਭੂਮੱਧਸਾਗਰੀ

(c) ਸਹਿਕਾਰੀ (d) ਸਮੂਹਿਕ

**14.** ਹੇਠ ਲਿਖਿਆਂ ਵਿਚੋਂ ਕਿਹੜਾ ਪ੍ਰਵਾਸ ਦੇ ਪੁਸ਼ ਕਾਰਕ ਤੋਂ ਸੰਬੰਧਿਤ ਹੈ ?

(a) ਕੁਦਰਤੀ ਤਬਾਹੀ (b) ਅਨੁਕੂਲ ਜਲਵਾਯੂ

(c) ਜੀਵਨ ਅਤੇ ਜਾਇਦਾਦ ਦੀ ਸੁਰੱਖਿਆ (d) ਸ਼ਾਂਤੀ ਅਤੇ ਸਥਿਰਤਾ

*ਹੇਠ ਦਿੱਤੇ ਸਰੋਤ ਨੂੰ ਧਿਆਨ ਨਾਲ ਪੜ੍ਹੋ ਅਤੇ ਪ੍ਰਸ਼ਨ ਸੰਖਿਆ **15** ਤੋਂ **17** ਦੇ ਉੱਤਰ ਲਿਖੋ ।*

ਰਮੇਸ਼ ਪਿਛਲੇ ਦੋ ਸਾਲਾਂ ਤੋਂ ਕੀਤੇ ਇਕਰਾਰਨਾਮੇ (ਕੰਟਰੇਕਟ) ਦੇ ਅਧਾਰ ਤੇ ਤਲਚਰ (ਉੜੀਸਾ ਦੇ ਕੋਲੇ ਖੇਤਰ) ਵਿਚ ਨਿਰਮਾਣ ਅਧੀਨ ਥਾਂ ਤੇ ਇਕ ਵੇਲਡਰ ਦੇ ਤੋਰ ਤੇ ਕੰਮ ਕਰ ਰਿਹਾ ਹੈ । ਉਹ ਆਪਣੇ ਠੇਕੇਦਾਰ ਦੇ ਨਾਲ–ਨਾਲ ਦੇਸ਼ ਭਰ ਵਿਚ ਵਖੋ ਵਖ ਥਾਵਾਂ ਜਿਵੇਂਕਿ ਸੂਰਤ, ਮੂੰਬਈ, ਗਾਂਧੀਨਗਰ, ਭਰੂੰਚ, ਜਾਮਨਗਰ ਆਦਿ ਸ਼ਹਿਰਾਂ ਵਿਚ ਜਾਂਦਾ ਹੈ । ਉਹ ਹਰ ਸਾਲ ਆਪਣੇ ਜੱਦੀ (ਪਿਤਾ ਪੁਰਖੀ) ਪਿੰਡ ਆਪਣੇ ਪਿਤਾ ਦੇ ਕੋਲ ₹ 20,000 ਭੇਜਦਾ ਹੈ । ਉਸਦੇ ਰਾਹੀਂ ਭੇਜੇ ਗਏ ਪੈਸੇ ਜਿਆਦਾਤਰ ਰੋਜ਼ਾਨਾਂ ਦੀਆਂ ਜ਼ਰੂਰਤਾਂ, ਸਿਹਤ ਦੀ ਦੇਖਭਾਲ, ਬਚਿਆਂ ਦੀ ਪੜ੍ਹਾਈ, ਆਦਿ ਤੇ ਖਰਚ ਹੁੰਦੇ ਹਨ । ਕੁਝ ਪੈਸੇ ਖੇਤੀ, ਜ਼ਮੀਨ ਦੀ ਖਰੀਦ ਅਤੇ ਘਰਾਂ ਨੂੰ ਬਨਾਣ ਦੇ ਲਈ ਵੀ ਖਰਚ ਹੁੰਦੇ ਹਨ । ਰਮੇਸ਼ ਦੇ ਪਰਿਵਾਰ ਦੇ ਰਹਿਣ ਸਹਿਣ ਦਾ ਪੱਧਰ ਸਾਰਥਕ ਰੂਪ ਵਿਚ ਸੁਧਰਿਆ ਹੈ ।

15 ਸਾਲ ਪਹਿਲਾਂ ਹਾਲਾਤ ਇਹੋ ਜਹੇ ਨਹੀਂ ਸਨ । ਪਰਿਵਾਰ ਬਹੁਤ ਹੀ ਮੁਸ਼ਕਿਲ ਹਾਲਾਤਾਂ ਵਿਚੋਂ ਗੁਜ਼ਰ ਰਿਹਾ ਸੀ । ਉਸਦੇ ਤਿੰਨ ਭਰਾ ਅਤੇ ਉਨ੍ਹਾਂ ਦੇ ਪਰਿਵਾਰ ਤਿੰਨ ਏਕੜ, ਜ਼ਮੀਨ ਉਪਰ ਨਿਰਭਰ ਸਨ । ਪਰਿਵਾਰ ਬੁਰੀ ਤਰ੍ਹਾਂ ਕਰਜ਼ੇ ਵਿਚ ਡੁਬਿਆ ਹੋਇਆ ਸੀ । ਰਮੇਸ਼ ਨੂੰ ਆਪਣੀ ਪੜ੍ਹਾਈ ਨੋਵੀਂ ਕਲਾਸ ਵਿਚ ਛੋੜਨੀ ਪਈ । ਸ਼ਾਦੀ ਤੋਂ ਪਿੱਛੋਂ ਤਾਂ ਹਾਲਾਤ ਹੋਰ ਵੀ ਮੁਸ਼ਕਿਲ ਹੋ ਗਏ ।

ਇਸ ਵਕਤ ਹੀ, ਰਮੇਸ਼ ਆਪਣੇ ਪਿੰਡ ਦੇ ਕੁਝ ਸਫਲ ਬਾਹਰ ਪ੍ਰਵਾਸ ਕਰਨ ਵਾਲਿਆਂ ਤੋਂ ਪ੍ਰਭਾਵਿਤ ਹੋਇਆ, ਜਿਹੜੇ ਲੁਧਿਆਣੇ ਵਿਚ ਕੰਮ ਕਰ ਰਹੇ ਸਨ ਅਤੇ ਪਿੰਡ ਵਿਚ ਆਪਣੇ ਪਰਿਵਾਰਾਂ ਨੂੰ ਪੈਸੇ ਅਤੇ ਲੋੜੀਂਦੀਆਂ ਵਸਤਾਂ ਭੇਜਕੇ ਪਾਲ ਰਹੇ ਹਨ । ਇਸ ਤਰ੍ਹਾਂ ਪਰਿਵਾਰ ਦੀ ਕੰਗਾਲੀ ਅਤੇ ਲੁਧਿਆਣੇ ਵਿਚ ਨੋਕਰੀ ਦਾ ਭਰੋਸਾ ਮਿਲਣ ਤੇ ਆਪਣੇ ਮਿਤਰ ਦੇ ਨਾਲ ਪੰਜਾਬ ਆ ਗਿਆ । ਉਸਨੇ 1988 ਵਿਚ ਲੁਧਿਆਣੇ ਵਿਚ ਇਕ ਉਨ ਫੈਕਟਰੀ ਵਿਚ ₹ 20 ਪ੍ਰਤਿਦਿਨ ਦੀ ਮਜਦੂਰੀ ਉਪਰ 6 ਮਹੀਨੇ ਕੰਮ ਕੀਤਾ । ਆਪਣੀ ਛੋਟੀ ਜਹੀ ਇਸ ਆਮਦਨ ਨਾਲ ਆਪਣੇ ਨਿਜੀ ਖਰਚਾਂ ਦਾ ਇੰਤਜ਼ਾਮ ਕਰ ਸਕਣ ਦੀ ਮੁਸ਼ਕਿਲ ਦੇ ਨਾਲ ਨਾਲ ਉਸ ਨੂੰ ਨਵੇਂ ਸਭਿਆਚਾਰ ਅਤੇ ਵਾਤਾਵਰਣ ਦੇ ਨਾਲ ਆਪਣੇ ਆਪ ਨੂੰ ਇਕਮਿਕ ਕਰਨ ਦੀ ਮੁਸ਼ਕਿਲ ਨਾਲ ਜੂਝਣਾ ਪਿਆ । ਉਸ ਤੋਂ ਪਿਛੋਂ ਆਪਣੇ ਦੋਸਤ ਵਲੋ ਰਸਤਾ ਦਸਣ ਤੇ ਲੁਧਿਆਨੇ ਤੋਂ ਸੂਰਤ (ਗੁਜਰਾਤ) ਵਿਚ ਕੰਮ ਕਰਨ ਦਾ ਫੈਸਲਾ ਕੀਤਾ । ਸੂਰਤ ਵਿਚ ਉਸਨੇ ਵੇਲਡਿੰਗ ਦਾ ਕੰਮ ਕਰਨ ਦੀ ਟਰੇਨਿੰਗ ਲਈ ਅਤੇ ਇਸ ਤੋਂ ਪਿੱਛੋਂ ਉਹ ਉਸ ਹੀ ਠੇਕੇਦਾਰ ਦੇ ਨਾਲ ਵੱਖੋ ਵੱਖ ਥਾਵਾਂ ਤੇ ਜਾਂਦਾ ਰਹਿੰਦਾ ਹੈ । ਹਾਲਾਂਕਿ ਰਮੇਸ਼ ਦੇ ਪਿੰਡ ਵਿਚ ਉਸਦੇ ਪਰਿਵਾਰ ਦੀ ਆਰਥਿਕ ਹਾਲਤ ਸੁਧਰੀ ਹੈ ਪਰ ਉਸਨੂੰ ਪਰਿਵਾਰ ਤੋਂ ਦੂਰ ਰਹਿਣ ਦੀ ਤਕਲੀਫ ਝੇਲਣੀ ਪੈਂਦੀ ਹੈ । ਉਹ ਆਪਣੀ ਪਤਨੀ ਅਤੇ ਬਚਿਆਂ ਨੂੰ ਨਾਲ ਨਹੀਂ ਲਿਜਾ ਸਕਦਾ ਕਿਉਂਕਿ ਉਸਦੀ ਨੌਕਰੀ ਅਸਥਾਈ ਅਤੇ ਤਬਦੀਲੀਆਂ ਵਾਲੀ ਹੈ ।

**15.** ਹੇਠ ਲਿਖਿਆਂ ਵਿਚੋ ਹੁੰਡੀ ਦਾ ਅਰਥ ਕਿਹੜਾ ਹੈ ?

(a) ਪ੍ਰਵਾਸੀ ਰਾਹੀਂ ਭੇਜਿਆ ਗਿਆ ਧਨ

(b) ਪ੍ਰਵਾਸੀ ਰਾਹੀਂ ਕਮਾਇਆ ਗਿਆ ਧਨ

(c) ਪ੍ਰਵਾਸੀ ਰਾਹੀਂ ਕੀਤਾ ਗਿਆ ਖਰਚ

(d) ਪ੍ਰਵਾਸੀ ਰਾਹੀਂ ਲਿਆ ਗਿਆ ਉਧਾਰ

**16.** ਭਾਰਤ ਵਿਚ ਪਿੰਡ ਤੋਂ ਨਗਰ ਵਲ ਪ੍ਰਵਾਸ ਦਾ ਮੁੱਖ ਕਾਰਨ ਹੈ :

(a) ਸਿਖਿਆ (ਪੜ੍ਹਾਈ–ਲਿਖਾਈ) (b) ਰੁਜ਼ਗਾਰ

(c) ਸਿਹਤ (d) ਸੈਰ ਸਪਾਟਾ

**17.** ਹੇਠ ਲਿਖਿਆਂ ਵਿੱਚੋਂ ਕਿਹੜਾ ਪਿੰਡਾਂ ਤੋਂ ਸ਼ਹਿਰਾਂ ਵਲ ਪ੍ਰਵਾਸ ਦਾ ਇਕ ਜਨਅੰਕੜਿਕ ਨਤੀਜਾ ਹੈ ?

(a) ਪਹੁੰਚ ਸਥਾਨ ਦੇ ਅਧਾਰਭੂਤ ਢਾਂਚੇ ਉਪਰ ਦਬਾਵ

(b) ਮੁਢਲੇ ਥਾਂ ਉਪਰ ਮਜ਼ਦੂਰਾਂ ਦੀ ਕਮੀ

(c) ਉਮਰ ਅਤੇ ਲਿੰਗ ਸੰਰਚਨਾ ਵਿਚ ਅਸੰਤੁਲਨ

(d) ਪਹੁੰਚ ਸਥਾਨ ਉਪਰ ਸਭਿਆਚਾਰ ਦਾ ਮਿਸ਼ਰਣ

## ਖੰਡ ਖ

*ਪ੍ਰਸ਼ਨ ਸੰਖਿਆ **18** ਅਤੇ **19** ਸਰੋਤ ਅਧਾਰਿਤ ਪ੍ਰਸ਼ਨ ਹਨ ।*

**18.** ਦਿਤੀ ਗਈ ਸਾਰਨੀ ਨੂੰ ਧਿਆਨ ਨਾਲ ਪੜ੍ਹੋ ਅਤੇ ਇਸਦੇ ਹੇਠ ਦਿਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : *3×1=3*

*ਭਾਰਤ – ਸ਼ਹਿਰੀਕਰਣ ਦੇ ਰੁਝਾਨ, 1901 – 2011*

| ਸਾਲ | ਸ਼ਹਿਰਾਂ/ਸ਼ਹਿਰੀ ਕਸਬਿਆਂ ਦੀ ਗਿਣਤੀ | ਸ਼ਹਿਰੀ ਜਨਸੰਖਿਆ (ਹਜਾਰਾਂ ਵਿਚ) | ਕੁਲ ਜਨਸੰਖਿਆ ਦਾ % | ਦਸ਼ਕੀਯ ਵਾਧਾ (%) |
|---|---|---|---|---|
| 1901 | 1,827 | 25,851·9 | 10·84 | — |
| 1911 | 1,815 | 25,941·6 | 10·29 | 0·35 |
| 1921 | 1,949 | 28,086·2 | 11·18 | 8·27 |
| 1931 | 2,072 | 33,456·0 | 11·99 | 19·12 |
| 1941 | 2,250 | 44,153·3 | 13·86 | 31·97 |
| 1951 | 2,843 | 62,443·7 | 17·29 | 41·42 |
| 1961 | 2,365 | 78,936·6 | 17·97 | 26·41 |
| 1971 | 2,590 | 1,09,114 | 19·91 | 38·23 |
| 1981 | 3,378 | 1,59,463 | 23·34 | 46·14 |
| 1991 | 4,689 | 2,17,611 | 25·71 | 36·47 |
| 2001 | 5,161 | 2,85,355 | 27·78 | 31·13 |
| 2011 | 6,171 | 3,77,000 | 31·16 | 31·08 |

(18.1) ਭਾਰਤ ਵਿਚ ਕਿਸ ਸਾਲ ਵਿਚ ਸ਼ਹਿਰੀ ਜਨਸੰਖਿਆ ਦੀ ਦਸ਼ਕੀਯ ਵਾਧਾ ਸਭ ਤੋਂ ਵੱਧ ਸੀ ? *1*

(18.2) ਸਾਲ 2001 ਵਿਚ ਕੁੱਲ ਸ਼ਹਿਰੀ ਆਬਾਦੀ ਕਿੰਨੀ ਸੀ ? *1*

(18.3) ਸਾਲ 1901 ਤੋਂ 2011 ਦੇ ਵਿਚਕਾਰ ਭਾਰਤ ਵਿਚ ਸ਼ਹਿਰਾਂ ਦੀ ਸੰਖਿਆ ਕੁੱਲ ਕਿੰਨੀ ਵਧੀ ? *1*

***ਨੋਟ:*** *ਹੇਠ ਲਿਖੇ ਪ੍ਰਸ਼ਨ ਸਿਰਫ* ***ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ* ***18*** *ਦੀ ਥਾਂ ਤੇ ਬਦਲਵੇ ਪ੍ਰਸ਼ਨ ਹਨ ।*

ਭਾਰਤ ਵਿਚ ਸ਼ਹਿਰੀ ਬਸਤਿਆਂ ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ । *3×1=3*

**19.** ਦਿਤੇ ਗਏ ਸਰੋਤ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦਾ ਉੱਤਰ ਦਿਓ : *3×1=3*

ਜਦੋਂ ਤੁਸੀਂ ਬਿਮਾਰ ਪੈ ਜਾਂਦੇ ਹੋ ਤਾਂ ਤੁਸੀਂ ਆਪਣੇ ਪਰਿਵਾਰਿਕ ਡਾਕਟਰ ਕੋਲ ਜਾਂਦੇ ਹੋ ਜਾਂ ਕਦੇ ਕਦੇ ਕਿਸੇ ਡਾਕਟਰ ਨੂੰ ਘਰ ਬੁਲਾਂਦੇ ਹੋ । ਕਦੇ ਕਦੇ ਤੁਹਾਡੇ ਮਾਤਾ-ਪਿਤਾ ਤੁਹਾਨੂੰ ਹਸਪਤਾਲ ਲੈ ਜਾਂਦੇ ਹਨ । ਸਕੂਲ ਵਿਚ ਤੁਹਾਨੂੰ ਅਧਿਆਪਕ ਪੜ੍ਹਾਂਦੇ ਹਨ । ਕਿਸੇ ਵੀ ਆਪਸੀ ਝਗੜੇ ਦੇ ਸਮੇਂ ਤੁਸੀਂ ਕਿਸੇ ਵਕੀਲ ਤੋਂ ਕਨੂੰਨੀ ਸਲਾਹ ਲੈਂਦੇ ਹੋ । ਇਸ ਹੀ ਤਰਾਂ ਕਈ ਤਰਾਂ ਦੇ ਕਾਰੋਬਾਰੀ ਹੁੰਦੇ ਹਨ ਜਿਹੜੇ ਫੀਸ ਲੈ ਕੇ ਆਪਣੀਆਂ ਸੇਵਾਵਾਂ ਦੇਂਦੇ ਹਨ । ਇਸ ਤਰਾਂ ਸਾਰੀਆਂ ਪ੍ਰਕਾਰ ਦੀਆਂ ਸੇਵਾਵਾਂ ਖਾਸ ਕੌਸ਼ਲ ਹੁੰਦੀਆ ਹਨ । ਜਿਨ੍ਹਾਂ ਦੇ ਪੇਸ਼ਾਵਰ (ਕੰਮ ਕਰਨ ਵਾਲੇ) ਆਪਣੀ ਸੇਵਾਵਾ ਕੁਝ ਰਕਮ ਲੈ ਕੇ ਦੇਂਦੇ ਹਨ । ਸਿਹਤ, ਸਿਖਿਆ, ਕਨੂੰਨ, ਸਰਕਾਰੀ ਕੰਮ ਅਤੇ ਮਨੋਰੰਜਨ ਵਗੈਰਾ ਸਾਰੇ ਕੰਮ ਲਏ ਖਾਸ ਉਸ ਕੰਮ ਕਾਜ ਸੰਬੰਧੀ ਕੁਸ਼ਲਤਾ ਲੋੜੀਂਦੀ ਸਿਧਾਂਤਕ ਜਾਣਕਾਰੀ ਅਤੇ ਪ੍ਰੈਕਟੀਕਲ ਟਰੇਨਿੰਗ ਦੀ ਲੋੜ ਹੁੰਦੀ ਹੈ । ਤ੍ਰਿਤੀਅਕ (ਤੀਸਰੇ ਦਰਜੇ ਦੀਆਂ) ਸਰਗਰਮੀਆਂ ਸੇਵਾ ਖੇਤਰ ਨਾਲ ਸੰਬੰਧਿਤ ਹਨ । ਜਨਸ਼ਕਤੀ ਸੇਵਾ ਸੈਕਟਰ ਦਾ ਇਕ ਮਹਤਵਪੂਰਨ ਕਾਰਕ ਹੈ ਕਿਉਂਕਿ ਵਧੇਰੇ ਤੋਰ ਤੇ ਤ੍ਰਿਤੀਅਕ ਸਰਗਰਮੀਆਂ ਨੂੰ ਸਿਰੇ ਚਾੜ੍ਹਨ ਦੇ ਲਈ ਸਿਆਣੇ ਤਜਰਬੇਕਾਰ ਕਾਰੀਗਰ, ਵਿਵਸਾਹਿਕ ਨਜ਼ਰ ਨਾਲ ਟਰੇਨਿੰਗ ਲਏ ਹੋਏ ਕੁਸ਼ਲ ਆਪਣੇ ਕੰਮ ਵਿਚ ਮਾਹਰ ਵਿਅਕਤੀਆ (ਕਾਮਿਆਂ ਅਤੇ ਸਲਾਹਕਾਰਾਂ) ਦੀ ਲੋੜ ਹੁੰਦੀ ਹੈ ।

ਆਰਥਿਕ ਵਿਕਾਸ ਦੀਆਂ ਮੁਢਲੀਆਂ ਅਵਸਥਾਵਾਂ ਵਿਚ ਲੋਕਾਂ ਦਾ ਇਕ ਵੱਡਾ ਅਨੁਪਾਤ ਪ੍ਰਾਥਮਿਕ (ਪਹਿਲੇ) ਸੈਕਟਰ ਵਿਚ ਕੰਮ ਕਰ ਰਿਹਾ ਸੀ । ਇਕ ਵਿਕਸਿਤ ਅਰਥਵਿਵਸਥਾ ਵਿਚ ਬਹੁਸੰਖਿਅਕ ਮਜ਼ਦੂਰ ਨੂੰ ਤ੍ਰਿਤੀਯਕ ਸਰਗਰਮੀਆਂ ਵਿਚ ਰੁਜਗਾਰ ਮਿਲਦੇ ਹਨ ਅਤੇ ਮੁਕਾਬਲਤਨ ਘਟ ਸੰਖਿਆ ਵਿਚ ਦਵਿਤਿਯਕ ਸੇਕਟਰ ਵਿਚ ਕੰਮ ਲੱਗੇ ਹੁੰਦੇ ਹਨ ।

(19.1) ਦਵਿਤਿਅਕ ਅਤੇ ਤ੍ਰਿਤੀਅਕ ਸਰਗਰਮੀਆਂ ਵਿਚਲੇ ਪ੍ਰਮੁਖ ਅੰਤਰ ਨੂੰ ਸਪਸ਼ਟ ਕਰੋ । *1*

(19.2) ਤ੍ਰਿਤੀਅਕ ਸਰਗਰਮੀਆਂ ਕਿਵੇਂ ਉਤਪਾਦਨ ਅਤੇ ਵਿਨਿਮੇ (ਤਬਾਦਲੇ) ਦੋਨੌਂ ਨਾਲ ਸੰਬੰਧਿਤ ਹਨ ? *1*

(19.3) ਕਿਸੇ ਦੋ ਤ੍ਰਿਤੀਅਕ ਸਰਗਰਮੀਆਂ ਦਾ ਵਰਣਨ ਕਰੋ । $\frac{1}{2}+\frac{1}{2}=1$

## ਖੰਡ ਗ

*ਪ੍ਰਸ਼ਨ ਸੰਖਿਆ **20** ਤੋਂ **23** ਛੋਟੇ ਉੱਤਰ ਵਾਲੇ ਪ੍ਰਸ਼ਨ ਹਨ ।*

**20.** (a) ਭਾਰਤ ਦੀ 'ਦੱਖਣ-ਪੱਛਮੀ ਪਠਾਰ ਪ੍ਰਦੇਸ਼' ਖਣਿਜ ਪੇਟੀ ਦੀਆਂ ਪ੍ਰਮੁਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । *3*

**ਜਾਂ**

(b) ਭਾਰਤ ਦੀ 'ਉੱਤਰ-ਪੱਛਮੀ ਪ੍ਰਦੇਸ਼' ਖਣਿਜ ਪੇਟੀ ਦੀਆਂ ਪ੍ਰਮੁਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । *3*

**21.** ਭਾਰਤ ਵਿਚ ਜਨਸੰਖਿਆ, ਵਾਧੇ ਦੇ ਦੂਜੇ ਪੜਾਅ (Phase II) (1921 – 1951) ਨੂੰ ਸਥਿਰ ਜਨਸੰਖਿਆ ਵਾਧੇ ਦੇ ਅਵਧੀ ਦੇ ਰੂਪ ਵਿਚ ਕਿਉਂ ਜਾਣਿਆ ਜਾਂਦਾ ਹੈ ? ਕੋਈ ਤਿੰਨ ਦਲੀਲਾਂ ਦੇ ਕੇ ਸਪਸ਼ਟ ਕਰੋ । *3*

**22.** ਭਾਰਤ ਵਿਚ ਸਿੰਜਾਈ ਖੇਤੀ ਅਤੇ ਵਰਖਾ ਨਿਰਭਰ ਖੇਤੀ ਵਿਚਲੇ ਕੋਈ ਤਿੰਨ ਅੰਤਰ ਸਪਸ਼ਟ ਕਰੋ । *3*

**23.** (a) "ਮਨੁਖ ਕੁਦਰਤ ਦੇ ਨਿਯਮਾਂ ਨੂੰ ਚੰਗੀ ਤਰਾਂ ਸਮਝਣ ਤੋਂ ਪਿਛੋਂ ਹੀ ਟੇਕਨੋਲੋਜੀ (ਪ੍ਰੌਧੋਗਿਕੀ) ਦਾ ਵਿਕਾਸ ਕਰ ਸਕਿਆ ।" ਮਨੁਖ ਦੇ ਪ੍ਰਕਿਰਤੀ ਕਰਣ ਦੇ ਸੰਦਰਭ ਵਿਚ ਇਸ ਕਥਨ ਦਾ ਮੁਲੰਕਣ ਕਰੋ । *3*

**ਜਾਂ**

(b) "ਮਨੁਖੀ ਕਿਰਿਆਵਾਂ ਦੀ ਛਾਪ ਹਰ ਪਾਸੇ ਹੈ ।" ਪ੍ਰਕਿਰਤੀ ਦੇ ਮਨੁਖੀਕਰਣ ਦੇ ਸੰਦਰਭ ਵਿਚ ਇਸ ਕਥਨ ਦਾ ਮੁਲੰਕਣ ਕਰੋ । *3*

## ਖੰਡ ਘ

*ਪ੍ਰਸ਼ਨ ਸੰਖਿਆ **24** ਤੋਂ **28** ਲੰਬੇ ਉੱਤਰ ਵਾਲੇ ਪ੍ਰਸ਼ਨ ਹਨ ।*

**24.** (a) "ਭਾਰਤ ਦਾ ਸੜਕ ਜਾਲ ਸੰਸਾਰ ਦਾ ਦੂਸਰਾ ਸਭ ਤੋਂ ਵੱਡਾ ਸੜਕ ਜਾਲ ਹੈ ।" ਇਸ ਕਥਨ ਦੀ ਪੁਸ਼ਟੀ ਕਰੋ । *5*

**ਜਾਂ**

(b) "ਭਾਰਤੀ ਰੇਲ ਜਾਲ ਸੰਸਾਰ ਦੇ ਸਭ ਤੋਂ ਲੰਬੇ ਰੇਲ ਜਾਲਾਂ ਵਿਚੋਂ ਇਕ ਹੈ ।" ਇਸ ਕਥਨ ਦੀ ਪੁਸ਼ਟੀ ਕਰੋ । *5*

**25.** (a) ਸੰਸਾਰ ਵਿਚ ਉਦਯੋਗਾਂ ਦੇ ਮੁਕਾਮ ਨੂੰ ਪ੍ਰਭਾਵਿਤ ਕਰਨ ਵਾਲੇ ਪੰਜ ਮੁੱਖ ਕਾਰਕਾਂ ਦਾ ਵਿਸ਼ਲੇਸ਼ਣ ਕਰੋ । *5*

**ਜਾਂ**

(b) ਕੱਚੇ ਮਾਲ ਉਪਰ ਅਧਾਰਿਤ ਉਦਯੋਗਾਂ ਦੇ ਵਰਗੀਕਰਣ ਦਾ ਵਿਸ਼ਲੇਸ਼ਣ ਪੰਜ ਸਿਰਲੇਖਾਂ ਦੇ ਅਧੀਨ ਕਰੋ । *5*

**26.** ਭਾਰਤ ਵਿਚ ਸਮੁੰਦਰੀ ਬੰਦਰਗਾਹਾਂ ਨੂੰ ਅੰਤਰਰਾਸ਼ਟਰੀ ਵਪਾਰ ਦਾ ਪ੍ਰਵੇਸ਼ ਦਵਾਰ ਕਿਉਂ ਮੰਨਿਆ ਜਾਂਦਾ ਹੈ ? ਸਪਸ਼ਟ ਕਰੋ । *5*

**27.** "ਨਿਰੰਤਰ ਟਿਕਾਊ ਵਿਕਾਸ ਦੀ ਚੁਣੌਤੀ ਦੇ ਲਈ ਆਰਥਿਕ ਵਿਕਾਸ ਦੀ ਚਾਹ ਦਾ ਵਾਤਾਵਰਣਿਕ ਮੁਦਿਆ ਨਾਲ ਤਾਲਮੇਲ ਜ਼ਰੂਰੀ ਹੈ ।" ਇਸ ਕਥਨ ਦਾ ਮੁਲੰਕਣ ਖਣਿਜ ਸੰਸਾਧਨਾਂ ਦੀ ਸੰਭਾਲ ਦੇ ਸੰਬੰਧ ਵਿਚ ਕਰੋ । *5*

**28.** "ਸੰਸਾਰ ਵਿਚ ਤਰਲ ਅਤੇ ਗੈਸ ਵਾਲੇ ਪਦਾਰਥਾਂ ਦੀ ਢੋਆ-ਢੁਆਈ ਦੇ ਲਈ ਪਾਇਪ ਲਾਈਨਾਂ ਦੀ ਵਿਆਪਕ ਰੂਪ ਵਿਚ ਵਰਤੋਂ ਕੀਤੀ ਜਾਂਦੀ ਹੈ ।" ਢੁਕਵੀਆਂ ਦਲੀਲਾਂ ਨਾਲ ਇਸ ਕਥਨ ਦੀ ਪੁਸ਼ਟੀ ਕਰੋ । *5*

## ਖੰਡ ਝ

*ਪ੍ਰਸ਼ਨ ਸੰਖਿਆ **29** ਅਤੇ **30** ਮਾਨਚਿੱਤਰ ਅਧਾਰਿਤ ਪ੍ਰਸ਼ਨ ਹਨ ।*

**29.** **ਸੰਸਾਰ** ਦੇ ਦਿੱਤੇ ਗਏ ਰਾਜਨੀਤਿਕ ਰੇਖਾ-ਮਾਨਚਿੱਤਰ (ਪੰਨਾ 13 ਤੇ) ਵਿਚ ਸੱਤ ਭੂਗੋਲਕ ਲੱਛਣਾਂ A, B, C, D, E, F ਅਤੇ G ਨੂੰ ਦਰਸਾਇਆ ਗਿਆ ਹੈ । ਕਿਸੇ ***ਪੰਜ*** ਨੂੰ ਹੇਠ ਦਿਤੀ ਜਾਣਕਾਰੀ ਦੀ ਸਹਾਇਤਾ ਨਾਲ ਪਛਾਣੋ ਅਤੇ ਉਨ੍ਹਾਂ ਦੇ ਸਹੀ ਨਾਮ ਉਨ੍ਹਾਂ ਦੇ ਨਾਲ ਖਿਚੀਆ ਗਈਆਂ ਰੇਖਾਵਾਂ ਉਪਰ ਲਿਖੋ : *5×1=5*

A. ਅਫਰੀਕਾ ਦਾ ਸਭ ਤੋਂ ਵੱਡਾ ਦੇਸ਼

B. ਵਿਸਤਰਿਤ (ਵਿਆਪਕ) ਵਪਾਰਕ ਅਨਾਜ ਖੇਤੀ ਦਾ ਖੇਤਰ

C. ਪ੍ਰਮੁੱਖ ਸਮੁੰਦਰੀ ਬੰਦਰਗਾਹ

D. ਜਹਾਜ਼ਰਾਨੀ ਨਹਿਰ

E. ਅੰਤਰਰਾਸ਼ਟਰੀ ਹਵਾਈ ਅੱਡਾ

F. ਆਸਟ੍ਰੇਲਿਆਈ ਪਾਰਮਹਾਦੀਪੀ ਰੇਲ ਮਾਰਗ ਦਾ ਸਭ ਤੋਂ ਪੱਛਮੀ ਸਟੇਸ਼ਨ

G. ਦਖਣੀ ਅਮੇਰਿਕਾ ਦਾ ਸਭ ਤੋਂ ਵੱਡਾ ਦੇਸ਼

***ਨੋਟ:*** *ਹੇਠ ਲਿਖੇ ਪ੍ਰਸ਼ਨ ਸਿਰਫ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ **29** ਦੀ ਥਾਂ ਤੇ ਬਦਲਵੇ ਪ੍ਰਸ਼ਨ ਹਨ ।*

*ਹੇਠ ਲਿਖਿਆਂ ਵਿਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਓ :* *5×1=5*

(29.1) ਅਫਰੀਕਾ ਦਾ ਸਭ ਤੋਂ ਵੱਡਾ ਦੇਸ਼ ਕਿਹੜਾ ਹੈ ?

(29.2) ਅਰਜਨਟਾਇਨਾ ਦੇ ਵਿਸਤਰਿਤ ਵਪਾਰਕ ਅਨਾਜ ਖੇਤੀ ਖੇਤਰ ਦਾ ਨਾਮ ਲਿੱਖੋ ।

(29.3) ਜਾਪਾਨ ਦੇ ਇਕ ਪ੍ਰਮੁਖ ਸਮੁੰਦਰੀ ਬੰਦਰਗਾਹ ਦਾ ਨਾਮ ਲਿਖੋ ।

(29.4) ਅਟਲਾਂਟਿਕ ਮਹਾਂਸਾਗਰ ਨੂੰ ਪੱਛਮ ਵਿਚ ਪ੍ਰਸ਼ਾਂਤ ਮਹਾਂਸਾਗਰ ਨਾਲ ਜੋੜਨ ਵਾਲੀ ਨਹਿਰ ਦਾ ਨਾਮ ਲਿਖੋ ।

(29.5) ਨਿਊਜ਼ੀਲੈਂਡ ਦੇ ਪ੍ਰਮੁਖ ਹਵਾਈ ਅੱਡੇ ਦਾ ਨਾਮ ਲਿਖੋ ।

(29.6) ਲਾਲ ਸਾਗਰ ਤੋਂ ਭੂਮਧ ਸਾਗਰ ਨੂੰ ਜੋੜਨ ਵਾਲੀ ਜਹਾਜਰਾਨੀ ਨਹਿਰ ਦਾ ਨਾਮ ਲਿੱਖੋ ।

(29.7) ਦਖਣੀ ਅਮੇਰਿਕਾ ਦੇ ਸਭ ਤੋਂ ਵੱਡੇ ਦੇਸ਼ ਦਾ ਨਾਮ ਲਿੱਖੋ ।

**30.** **ਭਾਰਤ** ਦੇ ਦਿੱਤੇ ਗਏ ਰਾਜਨੀਤਿਕ ਰੇਖਾ–ਮਾਨਚਿੱਤਰ (ਪੰਨਾ 15 ਤੇ) ਵਿਚ ਸੱਤ ਭੂਗੋਲਿਕ ਲਛਣਾਂ ਵਿਚੋਂ ਕਿਸੇ ***ਪੰਜ*** ਨੂੰ ਢੁਕਵੇਂ ਚਿਹਨਾਂ ਰਾਹੀਂ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : *5×1=5*

(30.1) ਸਭ ਤੋਂ ਵਧ ਜਨਗਣਨਾ ਘਣਤਾ ਵਾਲਾ ਰਾਜ

(30.2) 10 ਮਿਲਿਅਨ ਤੋਂ ਵਧੇਰੇ ਜਨਗਣਨਾ ਵਾਲਾ ਭਾਰਤ ਦਾ ਸਭ ਤੋਂ ਪੂਰਬੀ ਨਗਰ

(30.3) ਕਪਾਹ ਦਾ ਸਭ ਤੋਂ ਮੋਹਰੀ ਉਤਪਾਦਕ ਰਾਜ

(30.4) ਉੱਤਰ ਪ੍ਰਦੇਸ਼ ਵਿਚ ਸਥਿਤ ਤੇਲਸ਼ੋਧਕ ਕਾਰਖਾਨਾ

(30.5) ਤਮਿਲਨਾਡੁ ਵਿਚ ਸਥਿਤ ਕੋਲੇ ਦੀਆਂ ਖਾਣਾ

(30.6) ਓਡਿਸ਼ਾ ਵਿਚ ਸਥਿਤ ਪ੍ਰਮੁਖ ਸਮੁੰਦਰੀ ਬੰਦਰਗਾਹ

(30.7) ਪੰਜਾਬ ਵਿਚ ਸਥਿਤ ਅੰਤਰਰਾਸ਼ਟਰੀ ਹਵਾਈ ਅੱਡਾ

***ਨੋਟ:*** *ਹੇਠ ਲਿਖੇ ਪ੍ਰਸ਼ਨ ਸਿਰਫ* ***ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ* ***30*** *ਦੀ ਥਾਂ ਤੇ ਬਦਲਵੇ ਪ੍ਰਸ਼ਨ ਹਨ ।*

*ਹੇਠ ਲਿਖਿਆਂ ਵਿਚੋਂ ਕਿਸੇ* ***ਪੰਜ*** *ਪ੍ਰਸ਼ਨਾਂ ਦੇ ਉੱਤਰ ਦਿਉ :* *5×1=5*

(30.1) ਭਾਰਤ ਦੇ ਸਭ ਤੋਂ ਵਧੀਕ ਜਨਸੰਖਿਆ ਘਣਤਾ ਵਾਲੇ ਰਾਜ ਦਾ ਨਾਮ ਲਿੱਖੋ ।

(30.2) ਕਪਾਹ ਦੇ ਸਭ ਤੋਂ ਮੋਹਰੀ ਉਤਪਾਦਕ ਰਾਜ ਦਾ ਨਾਮ ਲਿਖੋ ।

(30.3) ਉੱਤਰ ਪ੍ਰਦੇਸ਼ ਦੇ ਕਿਸ ਥਾਂ ਤੇ ਤੇਲ ਸਾਫ ਕਰਨ ਵਾਲਾ ਕਾਰਖਾਨਾ ਸਥਿਤ ਹੈ ?


(30.4) 10 ਮਿਲਿਅਨ ਤੋਂ ਵਧ ਜਨਸੰਖਿਆ ਵਾਲੇ ਭਾਰਤ ਦੇ ਸਭ ਤੋਂ ਪੂਰਬੀ ਸ਼ਹਿਰ ਦਾ ਨਾਮ ਲਿੱਖੋ ।

(30.5) ਖੇਤੜੀ ਤਾਂਬਾ ਖਾਣਾਂ ਕਿਸ ਰਾਜ ਵਿਚ ਸਥਿਤ ਹਨ ?

(30.6) ਤੂਤੀਕੋਰਨ ਸਮੁੰਦਰੀ ਬੰਦਰਗਾਹ ਕਿਸ ਰਾਜ ਵਿਚ ਸਥਿਤ ਹੈ ?

(30.7) ਪੰਜਾਬ ਵਿਚ ਅੰਤਰਰਾਸ਼ਟਰੀ ਹਵਾਈ ਅੱਡਾ ਕਿਸ ਥਾਂ ਤੇ ਹੈ ?

**ਪ੍ਰਸ਼ਨ ਸੰ. 29 ਦੇ ਲਈ**



**ਪ੍ਰਸ਼ਨ ਸੰ. 30 ਦੇ ਲਈ**

